**BCM SCHOOL BASANT AVENUE DUGRI ROAD LUDHIANA**

**Class – *5th***

**Punjabi-ASSIGNMENT**

**1.ਅਣਡਿੱਠਾ ਪੈਰਾ**

ਪੁਸਤਕਾਂ ਜਾ ਕਿਤਾਬਾਂ ਹੀ ਸਾਡੀਆਂ ਸੱਚੀਆਂ ਮਿੱਤਰ ਹਨ। ਜੋ ਇਹਨਾਂ ਨਾਲ ਪਿਆਰ ਪਾ ਲੈਂਦਾ ਹੈ, ਉਹ ਜੀਵਨ ਭਰ ਕਦੇ ਇਕੱਲਾ ਨਹੀਂ ਰਹਿੰਦਾ। ਪੁਸਤਕਾਂ ਦਾ ਸਾਥ ਤੇ ਇੱਕ ਸੱਚੇ ਮਿੱਤਰ ਦਾ ਸਾਥ ਦੋਵੇਂ ਇੱਕ ਬਰਾਬਰ ਹਨ। ਪੁਸਤਕਾਂ ਸਾਡੇ ਗਿਆਨ ਵਿੱਚ ਵਾਧਾ ਕਰਦੀਆਂ ਹਨ।। ਪੁਸਤਕਾਂ ਨੂੰ ਵੱਖਰੇ- ਵੱਖਰੇ ਸਾਹਿਤਕਾਰ ,ਲੇਖਕ, ਕਵੀ ਆਦਿ ਲਿਖਦੇ ਹਨ

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-

1. ਪੁਸਤਕਾਂ ਦਾ ਸਾਥ ਕਿਸ ਬਰਾਬਰ ਹੈ?

(ੳ) ਡਾਕਟਰ ਦੇ (ਅ) ਸੱਚੇ ਮਿੱਤਰ ਦੇ

2. ਪੁਸਤਕਾਂ ਕਿਸ ਵਿੱਚ ਵਾਧਾ ਕਰਦੀਆਂ ਹਨ ?

(ੳ) ਇੱਕਲਤਾ (ਅ) ਗਿਆਨ

**2. ਕਥਨ/ਕਾਰਨ**

ਕਥਨ – ਮੂਰਖ ਅਤੇ ਸਿਆਣਾ ਤਿੰਨ ਅੱਖਰੀ ਸ਼ਬਦ ਹਨ।

ਕਾਰਨ – ਅਤੇ ਇਹ ਇੱਕ ਦੂਜੇ ਦੇ ਵਿਰੋਧੀ ਵੀ ਹਨ।

(ੳ) ਕਥਨ ਅਤੇ ਕਾਰਨ ਦੋਵੇਂ ਸਹੀ ਹਨ।

(ਅ) ਕਥਨ ਸਹੀ ਹੈ ਅਤੇ ਕਾਰਨ ਗ਼ਲਤ ਹੈ।

3. ਉਹ ਬਾਲ ਬੜਾ ਇਮਾਨਦਾਰ ਹੈ।- ਰੇਖਾਕਿਤ ਸ਼ਬਦ ਦਾ ਲਿੰਗ ਸ਼ਬਦ ਕਿਹੜਾ ਹੈ?

(ੳ) ਬਾਲਣੀ (ਅ) ਬਾਲੜੀ

4. ਮੇਰਾ ਸਾਈਕਲ ਨਵਾਂ ਹੈ।-ਰੇਖਾਕਿਤ ਸ਼ਬਦ ਦਾ ਬਹੁਵਚਨ ਕਿਹੜਾ ਹੈ?

(ੳ) ਸਾਇਕਲੋਂ (ਅ) ਸਾਈਕਲਾਂ

4. 96 ਤੋਂ ਅਗਲਾ ਸ਼ਬਦ ਕਿਹੜਾ ਨਹੀਂ ਹੋਵੇਗਾ?

(ੳ) ਸਤਾਨਵੇਂ (ਅ) ਬਾਨਵੇਂ

5. 'ਨੱਕੋ - ਨੱਕ ਭਰ ਜਾਣਾ' ਮੁਹਾਵਰੇ ਦਾ ਅਰਥ ਪਛਾਣੋ।

(ੳ) ਪੂਰਾ ਭਰ ਜਾਣਾ (ਅ) ਥੋੜਾ ਭਰ ਜਾਣਾ

## ਸਾਹਿਤ

**ਸ਼ਬਦ ਅਰਥ-** ਪਰਛਾਵਾਂ- ਛਾਇਆ , ਮਲਾਲ – ਗੁੱਸਾ

### ਛੋਟੇ ਪ੍ਰਸ਼ਨ-ਉੱਤਰ

1. ਜਾਨਵਰਾਂ ਨੇ ਅੰਤ ਵਿੱਚ ਕਿਹੜਾ ਨਾਹਰਾ ਲਗਾਇਆ?

ਉੱਤਰ – ਜੰਗਲ ਦੇ ਰਾਜਾ ਸ਼ੇਰ ਦੀ _ _ _ ਜੈ

ਜੰਗਲ ਦਾ ਰਾਜਾ ਸ਼ੇਰ_ _ _ ਜ਼ਿੰਦਾਬਾਦ।

### ਵੱਡੇ ਪ੍ਰਸ਼ਨ - ਉੱਤਰ

1. ਗਿੱਦੜ ਦੀ ਅਸਲੀਅਤ ਕਿਵੇਂ ਸਾਹਮਣੇ ਆਈ?

   ਉੱਤਰ:- ਇੱਕ ਦਿਨ ਗਿੱਦੜਾਂ ਦੀ ਟੋਲੀ ਲੰਘ ਰਹੀ ਸੀ ਤਾਂ ਉਹ ਸਾਰੇ ਆਪਣੀ ਬੋਲੀ ਵਿੱਚ ਬੋਲ ਰਹੇ ਸਨ। ਗਿੱਦੜ ਉਹਨਾਂ ਦੀ ਬੋਲੀ ਸੁਣ ਕੇ ਭੁੱਲ ਗਿਆ ਕਿ ਉਹ ਆਪ ਕੀ ਹੈ। ਉਹ ਵੀ ਉਨਾਂ ਨਾਲ ਗਿੱਦੜਾਂ ਦੀ ਬੋਲੀ ਬੋਲਣ ਲੱਗ ਪਿਆ। ਉਸਨੂੰ ਸ਼ੇਰ ਨੇ ਪਛਾਣ ਲਿਆ ਅਤੇ ਉਸਦੀ ਅਸਲੀਅਤ ਸਾਹਮਣੇ ਆ ਗਈ।

### ਮੁੱਲ ਪਰਖ ਪ੍ਰਸ਼ਨ-

1. ਚਲਾਕੀ ਕਰਨ ਦੇ ਕੋਈ ਦੋ ਨੁਕਸਾਨ ਲਿਖੋ।

   ਉੱਤਰ:- ਚਲਾਕੀ ਕਰਨ ਵਾਲੇ ਨੂੰ ਕਈ ਵਾਰ ਆਪ ਨੁਕਸਾਨ ਉਠਾਉਣਾ ਪੈ ਜਾਂਦਾ।

   ਚਲਾਕ ਵਿਅਕਤੀ ਦੇ ਦੋਸਤ ਬਹੁਤ ਘੱਟ ਹੁੰਦੇ ਹਨ।